**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8,ਐਸ.ਏ.ਐਸ.ਨਗਰ।**

**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)

ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. E-58355|ਸ-੨|੨੦੨੨|82154

ਮਿਤੀ:- 11-07-੨੦੨੨

**ਵਿਸ਼ਾ:-** **ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਅਤੇ ਮਨਿਓਰਟੀ ਸਕੀਮ, ਪੋਸਟ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਅਤੇ ਮਨਿਓਰਟੀ ਸਕੀਮਾਂ ਅਧੀਨ ਇੱਕ ਸਮੇਂ ਤੇ ਇੱਕ ਵਜੀਫਾ ਸਕੀਮ ਅਧੀਨ ਅਪਲਾਈ ਕਰਨ ਸਬੰਧੀ।**

1.0 ਇਹ ਧਿਆਨ ਵਿੱਚ ਆਇਆ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਸਟੂਡੈਂਟਸ ਸਟਡਿੰਗ ਇੰਨ ਕਲਾਸ 9ਵੀਂ ਐਂਡ 10ਵੀਂ ਸਕੀਮ ਅਤੇ ਪ੍ਰੀ ਮੈਟ੍ਰਿਕ ਮਨਿਓਰਟੀ ਸਕਾਲਰਸਿਪ ਸਕੀਮ ਤਹਿਤ ਸਾਲ 2017-18 ਅਤੇ 2018-19 ਦੌਰਾਨ 4911 ਵਿਦਿਆਰਥੀਆਂ ਵੱਲੋਂ ਇੱਕੋ ਸਮੇਂ ਦੋਵੇ ਸਕੀਮਾਂ ਵਿੱਚ ਸਕਾਲਰਸ਼ਿਪ ਲਈ ਅਪਲਾਈ ਕੀਤਾ ਗਿਆ ਹੈ, ਜਦਕਿ ਸ਼ੈਸਨ ਦੌਰਾਨ ਇਕ ਸਮੇਂ ਵਿਦਿਆਰਥੀ ਇੱਕ ਹੀ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

2.0 ਉਕਤ ਸਕੀਮਾਂ ਦੀਆਂ ਗਾਈਡਲਾਈਨਜ ਅਨੁਸਾਰ ਇੱਕ ਸਮੇਂ ਤੇ ਇੱਕ ਹੀ ਵਜੀਫਾ ਸਕੀਮ ਤਹਿਤ ਅਪਲਾਈ ਕਰਨਾ ਜਰੂਰੀ ਹੈ, ਪਰ ਸਕੂਲ ਮੁਖੀਆਂ/ਪ੍ਰਿੰਸੀਪਲਾਂ ਵੱਲੋਂ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਹੈ, ਅਤੇ ਡਾਟਾ ਵੈਰੀਫਾਈ ਕਰਨ ਸਮੇਂ ਅਣਗਹਿਲੀ ਵਰਤਦੇ ਹੋਏ, ਉਕਤ ਦਰਸਾਏ ਅਨੁਸਾਰ, ਡੁਪਲੀਕੇਸੀ ਕੀਤੀ ਜਾ ਰਹੀ ਹੈ।

3.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਅਤੇ ਸਕੂਲ ਮੁਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਐਸ.ਸੀ. ਸਕੀਮਾਂ ਅਤੇ ਮਨਿਓਰਟੀ ਸਕੀਮਾਂ ਵਿਚੋਂ ਵਿਦਿਆਰਥੀ ਵੱਲੋਂ ਇੱਕ ਸਮੇਂ ਇੱਕ ਹੀ ਸਕੀਮ ਅਧੀਨ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**